# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

## 18:20

**ਮਿਤੀ :22-05-2026**

**ਪਹਿਲਾਂ ਬੁਲੇਟਿਨ ਦੀਆਂ ਖਾਸ ਖ਼ਬਰਾਂ।**

- ਪੰਜਾਬ ਪੁਲਿਸ ਨੇ ਇੱਕ ਵੱਡੀ ਕਾਮਯਾਬੀ ਹਾਸਿਲ ਕਰਦਿਆਂ ਦੇਸ਼ ਭਰ ਦੇ ਸਕੂਲਾਂ ਅਤੇ ਹੋਰ ਸੰਵੇਦਨਸ਼ੀਲ ਸਥਾਨਾਂ 'ਤੇ ਬੰਬ ਦੇ ਝੂਠੇ ਈਮੇਲ ਭੇਜਣ ਵਿੱਚ ਸ਼ਾਮਲ ਨੈੱਟਵਰਕ ਦਾ ਪਰਦਾਫਾਸ਼ ਕੀਤਾ.
- CBSE ਨੇ 12ਵੀਂ ਜਮਾਤ ਦੀਆਂ ਬੋਰਡ ਪ੍ਰੀਖਿਆ ਦੀਆਂ ਉੱਤਰ ਪੁਸਤੀਕਾਵਾਂ ਦੀਆਂ ਸਕੈਨ ਕੀਤੀਆਂ ਕਾਪੀਆਂ ਪ੍ਰਾਪਤ ਕਰਨ ਦੀ ਆਖਰੀ ਤਰੀਕ ਇੱਕ ਦਿਨ ਵਧਾ ਕੇ 24 ਮਈ ਕੀਤੀ।
- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ, ਏਸ਼ਿਆਈ ਹਾਕੀ ਚੈਂਪੀਅਨਜ਼ ਟਰਾਫੀ ਸੰਬੰਧੀ ਮੀਟਿੰਗ ‘ਚ ਟੂਰਨਾਮੈਂਟ ਲਈ ਹਰ ਸੰਭਵ ਸਹੂਲਤ ਨੂੰ ਯਕੀਨੀ ਬਣਾਉਣ ਵਾਸਤੇ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ।
- ਪੰਜਾਬ ਦੇ ਮੰਤਰੀ ਗੁਰਮੀਤ ਸਿੰਘ ਖੁੱਡੀਆ ਨੇ ਮਲੋਟ ਸੜ੍ਹਕ ਤੇ ਬਣਨ ਵਾਲੇ ਪੱਕੇ ਖਾਲਿਆਂ ਦਾ ਨੀਂਹ ਪੱਥਰ ਰਖਿਆ.
- IIT ਰੋਪੜ ਵਲੋਂ ਅੱਜ ਯੁਵਾ ਸੰਗਮ ਪੜਾਅ 6 ਤਹਿਤ ਪੰਜਾਬ ਵਫ਼ਦ ਨੂੰ ਬਿਹਾਰ ਲਈ ਰਵਾਨਾ ਕੀਤਾ ਗਿਆ।

--------------------------------------------------------------------

ਪੰਜਾਬ ਪੁਲੀਸ ਨੇ ਦੇਸ਼ ਭਰ ਦੇ ਸਕੂਲਾਂ ਅਤੇ ਹੋਰ ਸੰਵੇਦਨਸ਼ੀਲ ਸਥਾਨਾਂ 'ਤੇ ਬੰਬ ਦੇ ਝੂਠੇ ਈਮੇਲ ਭੇਜਣ ਵਿੱਚ ਸ਼ਾਮਿਲ ਇੱਕ ਨੈਟਵਰਕ ਦਾ ਪਰਦਾਫਾਸ਼ ਕਰਕੇ ਇੱਕ ਵੱਧਦੀ ਸਫਲਤਾ ਹਾਸਲ ਕੀਤੀ ਏ । ਬੰਗਲਾਦੇਸ਼ ਅਤੇ ਪਾਕਿਸਤਾਨ ਸਥਿਤ ਵਿਅਕਤੀ ਇਸ ਨੈਟਵਰਕ ਦਾ ਹਿੱਸਾ ਸਨ । ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ , ਗੁਰਪ੍ਰੀਤ ਸਿੰਘ ਭੁੱਲਰ ਨੇ ਜਾਣਕਾਰੀ ਦਿੱਤੀ ਏ ਕਿ ਮੁੱਖ ਮੁਲਜਿਮ ਸੌਰਵ ਬਿਸਵਾਸ ਉਰਫ ਮਾਈਕਲ , ਜੋ ਕਿ ਬੰਗਲਾਦੇਸ਼ ਤੋਂ ਆਇਆ ਸੀ, ਨੂੰ ਪੱਛਮੀ ਬੰਗਾਲ ਤੋਂ ਗ੍ਰਿਫ਼ਤਾਰ ਕੀਤਾ ਗਿਆ ਏ । ਸ਼੍ਰੀ ਭੁੱਲਰ ਨੇ ਕਿਹਾ ਏ ਕਿ ਕਿਓਕਿ ਅੰਤਰਰਾਸ਼ਟਰੀ ਸਬੰਧ ਨੇ , ਇਸ ਲਈ ਇੰਟਰਪੋਲ ਤੋਂ ਵੀ ਮੱਦਦ ਮੰਗੀ ਗਈ ਏ । ਸਾਈਬਰ ਕ੍ਰਾਇਮ ਵਿਰੋਧੀ ਟੀਮ ਵੱਲੋਂ ਕੀਤੀ ਗਈ ਜਾਂਚ ਤੋਂ ਪਤਾ ਲੱਗਾ ਏ ਕਿ ਓਹ ਵੱਖ ਵੱਖ ਫੇਸਬੁੱਕ ਗਰੁੱਪਾਂ ਰਾਹੀਂ ਈਮੇਲ ਖਾਤਿਆਂ ਦੀ ਖਰੀਦੋ-ਫਰੋਖਤ ਕਰਦਾ ਸੀ , ਕਰੀਬ 300 ਜੀਮੇਲ ਖਾਤੇ ਹਾਸਿਲ ਕੀਤੇ ਗਏ ਨੇ , ਜਿਨ੍ਹਾਂ ਵਿੱਚੋਂ 219 ਖਾਤੇ ਬੰਗਲਾਦੇਸ਼ ਸਥਿਤ ਤ ਇੱਕ ਵਿਅਕਤੀ ਨੂੰ ਵੇਚੇ ਗਏ ਸਨ । ਇਹ ਬਾਅਦ ਵਿੱਚ ਪਾਕਿਸਤਾਨ ਆਧਾਰਿਤ ਅਣਪਛਾਤੇ ਵਿਅਕਤੀਆਂ ਨੂੰ ਸਪਲਾਈ ਕੀਤੇ ਗਏ ਸਨ , ਜਿਨ੍ਹਾਂ ਨੇ ਕਥਿਤ ਤੌਰ 'ਤੇ ਓਹਨਾਂ ਦੀ ਵਰਤੋਂ ਬੰਬ ਦੀ ਧਮਕੀ ਵਾਲੇ ਈਮੇਲ ਭੇਜਣ ਅਤੇ ਹੋਰ ਗੈਰ–ਕਾਨੂੰਨੀ ਸਾਈਬਰ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਕੀਤੀ । BYTE ਗੁਰਪ੍ਰੀਤ ਭੁੱਲਰ 53 SEC ਕਈ ਸੀ ਪੀ ਯੂ, ਕੰਪਿਊਟਰ ਹਾਰਡ

ਡਿਸਕ , ਮੋਬਾਈਲ ਫੋਨ , 300 ਤੋਂ ਵੱਧ ਜੀਮੇਲ ID’S ਦੇ ਵੇਰਵੇ , ਪਾਸਵਰਡ ਅਤੇ 15 ਹੋਟਮੇਲ ਖਾਤੇ ਬਰਾਮਦ ਕੀਤੇ ਗਏ ਨੇ ।

--------------------------------------------------------------------------------

ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (CBSE ) ਨੇ 12ਵੀਂ ਜਮਾਤ ਦੀਆਂ ਬੋਰਡ ਪ੍ਰੀਖਿਆ ਦੀਆਂ ਉੱਤਰ ਪੁਸਤੀਕਾਵਾਂ ਦੀਆਂ ਸਕੈਨ ਕੀਤੀਆਂ ਕਾਪੀਆਂ ਪ੍ਰਾਪਤ ਕਰਨ ਦੀ ਆਖਰੀ ਤਰੀਕ ਇੱਕ ਦਿਨ ਵਧਾ ਕੇ 24 ਮਈ ਕਰ ਦਿੱਤੀ ਏ । ਸੀ ਬੀ ਐ ਸਈ ਨੇ ਇਹ ਫੈਸਲਾ ਆਪਣੀ ਵੈੱਬਸਾਈਟ 'ਤੇ ਅਰਜ਼ੀਆਂ ਵਿੱਚ ਵਾਧੇ ਅਤੇ ਤਕਨੀਕੀ ਖਾਮੀਆਂ ਤੋਂ ਬਾਅਦ ਲਿਆ, ਜੋ ਵਿਘਨ ਪਾ ਰਹੀਆਂ ਸਨ । ਬੋਰਡ ਨੇ ਕਿਹਾ ਕਿ ਵਿਦਿਆਰਥੀਆਂ ਕੋਲ ਆਪਣੀਆਂ ਉੱਤਰ ਪੱਤਰੀਆਂ ਦੀਆਂ ਸਕੈਨ ਕੀਤੀਆਂ ਕਾਪੀਆਂ ਪ੍ਰਾਪਤ ਕਰਨ ਤੋਂ ਬਾਅਦ ਮੁੜ ਮੁਲੰਕਣ ਲਈ ਅਰਜ਼ੀ ਦੇਣ ਲਈ ਦੋ ਦਿਨ ਹੋਣਗੇ ।

--------------------------------------------------------------------------------

ਪੰਜਾਬ, ਭਾਰਤੀ ਹਾਕੀ ਦੇ ਇਤਿਹਾਸਕ ਦੌਰ ਦਾ ਅਹਿਮ ਹਿੱਸਾ ਬਣਨ ਲਈ ਤਿਆਰ ਏ ।ਸੂਬਾ ਇਸ ਸਾਲ ਅਕਤੂਬਰ ਵਿੱਚ ਪਹਿਲੀ ਵਾਰ ਵੱਕਾਰੀ ਏਸ਼ਿਆਈ ਹਾਕੀ ਚੈਂਪੀਅਨਜ਼ ਟਰਾਫੀ ਦੀ ਮੇਜ਼ਬਾਨੀ ਕਰਨ ਦੀਆਂ ਤਿਆਰੀਆਂ ਕਰ ਰਿਹਾ ਏ । ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਅੰਤਰਰਾਸ਼ਟਰੀ ਟੂਰਨਾਮੈਂਟ ਲਈ ਇੰਡੀਅਨ ਹਾਕੀ ਫੈਡਰੇਸ਼ਨ ਨੂੰ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ ਏ ਤੇ ਕਿਹਾ ਏ ਕਿ ਇਹ ਸਮਾਗਮ ਭਾਰਤੀ ਹਾਕੀ ਵਿੱਚ ਪੰਜਾਬ ਦੀ ਪਛਾਣ ਨੂੰ ਹੋਰ ਮਜ਼ਬੂਤ ਕਰੇਗਾ ਅਤੇ

ਨੌਜਵਾਨਾਂ ਦੀ ਨਵੀਂ ਪੀੜ੍ਹੀ ਨੂੰ ਖੇਡਾਂ ਵੱਲ ਪ੍ਰੇਰਿਤ ਕਰੇਗਾ। 'ਹਾਕੀ ਇੰਡੀਆ' ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹਿੱਸਾ ਲੈਣ ਵਾਲੇ ਖਿਡਾਰੀਆਂ ਅਤੇ ਅਧਿਕਾਰੀਆਂ ਲਈ ਵਿਸ਼ਵ ਪੱਧਰੀ ਪ੍ਰਬੰਧ, ਪੁਖਤਾ ਸੁਰੱਖਿਆ ਅਤੇ ਹਰ ਸੰਭਵ ਸਹੂਲਤ ਨੂੰ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ। ਮੁੱਖ ਮੰਤਰੀ ਨੇ ਕਿਹਾ ਕਿ, "ਅਕਤੂਬਰ ਵਿੱਚ ਹੋਣ ਵਾਲੀ ਏਸ਼ੀਅਨ ਚੈਂਪੀਅਨਜ਼ ਟਰਾਫੀ ਟੂਰਨਾਮੈਂਟ ਦੇ ਮੈਚ, ਮੋਹਾਲੀ ਦੇ ਇਤਿਹਾਸਕ ਬਲਬੀਰ ਸਿੰਘ ਸੀਨੀਅਰ ਹਾਕੀ ਸਟੇਡੀਅਮ ਅਤੇ ਜਲੰਧਰ ਦੇ ਸੁਰਜੀਤ ਹਾਕੀ ਸਟੇਡੀਅਮ ਵਿੱਚ ਖੇਡੇ ਜਾਣਗੇ। ਮੁੱਖ ਮੰਤਰੀ ਨੇ ਕਿਹਾ ਕਿ, "ਇਸ ਸਮਾਗਮ ਦੀ ਸਫਲ ਮੇਜ਼ਬਾਨੀ ਆਲਮੀ ਖੇਡ ਨਕਸ਼ੇ 'ਤੇ ਪੰਜਾਬ ਦੇ ਅਕਸ ਨੂੰ ਹੋਰ ਮਜ਼ਬੂਤ ਕਰੇਗੀ ਅਤੇ ਸੂਬੇ ਭਰ ਦੇ ਨੌਜਵਾਨਾਂ ਨੂੰ ਖੇਡਾਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰੇਗੀ।" ਉਨ੍ਹਾਂ ਕਿਹਾ ਕਿ, "ਪੰਜਾਬ ਹਮੇਸ਼ਾ ਹਾਕੀ ਦੀ ਨਰਸਰੀ ਰਿਹਾ ਏ ਅਤੇ ਸਾਡੀ ਧਰਤੀ 'ਤੇ ਅਜਿਹੇ ਅੰਤਰਰਾਸ਼ਟਰੀ ਟੂਰਨਾਮੈਂਟ ਦੀ ਮੇਜ਼ਬਾਨੀ ਕਰਨ ਨਾਲ ਸਾਡੇ ਨੌਜਵਾਨਾਂ ਨੂੰ ਖੇਡ ਮੈਦਾਨਾਂ ਨਾਲ ਜੁੜਨ ਲਈ ਹੋਰ ਪ੍ਰੇਰਣਾ ਮਿਲੇਗੀ।" ਮੁੱਖ ਮੰਤਰੀ ਨੇ ਦੱਸਿਆ ਕਿ ਏਸ਼ਿਆਈ ਖੇਡਾਂ 3 ਤੋਂ 4 ਅਕਤੂਬਰ ਨੂੰ ਸਮਾਪਤ ਹੋਣਗੀਆਂ ਅਤੇ ਸ਼ਾਨਦਾਰ ਕਾਰਗੁਜ਼ਾਰੀ ਦਿਖਾਉਣ ਵਾਲੀਆਂ ਸਿਖਰਲੀਆਂ ਛੇ ਹਾਕੀ ਟੀਮਾਂ ਏਸ਼ਿਆਈ ਹਾਕੀ ਚੈਂਪੀਅਨਜ਼ ਟਰਾਫੀ ਵਿੱਚ ਮੁਕਾਬਲਾ ਕਰਨਗੀਆਂ . ਉਨ੍ਹਾਂ ਅੱਗੇ ਕਿਹਾ ਏ ਕਿ , "ਮੇਜ਼ਬਾਨੀ ਦਾ ਅਧਿਕਾਰ ਮਿਲਣਾ ਖੇਡਾਂ ਦੇ

ਖੇਤਰ ਵਿੱਚ ਪੰਜਾਬ ਲਈ ਵੱਡੀ ਪ੍ਰਾਪਤੀ ਏ ਅਤੇ ਪੰਜਾਬ ਨੂੰ ਆਖਰਕਾਰ ਇੰਨੇ ਵੱਡੇ ਪੱਧਰ ਦੇ ਅੰਤਰਰਾਸ਼ਟਰੀ ਹਾਕੀ ਮੁਕਾਬਲਾ ਕਰਾਉਣ ਦਾ ਮੌਕਾ ਮਿਲਿਆ ਏ ।" ਮੁੱਖ ਮੰਤਰੀ ਨੇ ਸਾਰਿਆਂ ਨੂੰ ਖੇਡਾਂ ਰਾਹੀਂ "ਰੰਗਲਾ ਪੰਜਾਬ" ਬਣਾਉਣ ਲਈ ਸਮੂਹਿਕ ਤੌਰ 'ਤੇ ਕੰਮ ਕਰਨ ਦੀ ਅਪੀਲ ਕੀਤੀ।

---------------------------------------------------------------------

ਪੰਜਾਬ ਦੇ ਖੇਤੀਬਾੜੀ,ਪਸ਼ੂ ਪਾਲਣ ਤੇ ਡੇਅਰੀ ਵਿਕਾਸ ਮੰਤਰੀ ਗੁਰਮੀਤ ਸਿੰਘ ਖੁੱਡੀਆ ਨੇ ਕਿਹੈ ਕਿ ਪੰਜਾਬ ਸਰਕਾਰ ਵਲੋਂ ਰਾਜ ਦੇ ਵਸਨੀਕਾਂ ਨੂੰ ਖੇਤੀਬਾੜੀ ਸੈਕਟਰ ਲਈ ਸਿੰਜਾਈ ਅਤੇ ਪੀਣ ਵਾਲਾ ਸਾਫ ਸੁਥਰਾ ਪਾਣੀ ਮੁਹੱਈਆ ਕਰਵਾਉਣ ਲਈ ਜੰਗੀ ਪੱਧਰ ਤੇ ਕੰਮ ਕੀਤਾ ਜਾ ਰਿਹਾ ਏ । ਇਹ ਗੱਲ ਓਹਨਾਂ ਅੱਜ ਲੰਬੀ ਹਲਕੇ ਦੇ ਪਿੰਡ ਬਲੋਚਕੇਰਾ ਵਿਖੇ ਮਲੋਟ ਸੜ੍ਹਕ ਤੇ ਬਣਨ ਵਾਲੇ ਪੱਕੇ ਖਾਲਿਆਂ ਦਾ ਨੀਂਹ ਪੱਥਰ ਰਖਣ ਤੋਂ ਬਾਅਦ ਕੀਤਾ. ਉਹਨਾਂ ਦੱਸਿਆ ਕਿ ਇਹਨਾਂ ਖਾਲਿਆਂ ਦੀ ਮੁੜ੍ਹ ਉਸਾਰੀ ਤੇ ਸਰਕਾਰ ਵਲੋਂ 3 ਕਰੋੜ 19 ਲੱਖ ਰੁਪਏ ਖਰਚ ਕੀਤੇ ਜਾਣਗੇ । ਉਹਨਾਂ ਇਹ ਵੀ ਕਿਹ ਕਿ ਹਰ ਇਨਸਾਨ ਨੂੰ ਪਾਣੀ ਬਚਾਉਣ ਲਈ ਯਤਨਸ਼ੀਲ ਰਹਿਣਾ ਚਾਹੀਦਾ ਏ ਤਾਂ ਜੋ ਭਵਿੱਖ ਵਿੱਚ ਪਾਣੀ ਦੇ ਸੰਕਟ ਦਾ ਸਾਹਮਣਾ ਨਾ ਕਰਨਾ ਪਵੇ । ਸਰਕਾਰ ਵਲੋਂ 15 ਹਜ਼ਾਰ ਕਿਲੋਮੀਟਰ ਤੋਂ ਵੱਧ ਨਹਿਰਾਂ,ਰਜਬਾਹੇ ਤੇ ਕੱਸੀਆਂ ਨੂੰ ਪੱਕਾ ਕੀਤਾ ਗਿਆ ਏ ਤਾਂ ਜੋ ਟੇਲ ਤੇ ਪੈਂਦੇ ਪਿੰਡਾਂ ਨੂੰ ਖੇਤੀਬਾੜੀ ਅਤੇ ਪੀਣ ਲਈ ਸ਼ਾਫ ਸੁਥਰਾ ਪਾਣੀ ਮੁਹੱਈਆ ਹੋ ਸਕੇ । ਉਨ੍ਹਾਂ ਦੱਸਿਆ ਕਿ ਰਾਜ ਵਿਚ ਹੁਣ 75 ਫੀਸਦੀ ਨਹਿਰੀ

ਪਾਣੀ ਨੂੰ ਹੁਣ ਵਰਤੋਂ ਵਿੱਚ ਲਿਆਦਾਂ ਗਿਆ ਏ। ਕੈਬਨਿਟ ਮੰਤਰੀ ਨੇ ਅੱਜ ਆਪਣੇ ਦੌਰੇ ਦੌਰਾਨ ਲੰਬੀ ਹਲਕੇ ਦੇ ਪਿੰਡਾਂ ਨੂੰ ਜੋੜਣ ਵਾਲੀਆਂ 33 ਕਿਲੋਮੀਟਰ ਲੰਮੀਆਂ ਲਿੰਕ ਸੜਕਾਂ ਦੀ ਮੁੜ੍ਹ ਉਸਾਰੀ ਅਤੇ ਮੁਰੰਮਤ ਦੇ ਕੰਮਾਂ ਦੀ ਸ਼ੁਰੂਆਤ ਕਰਵਾਈ ਤੇ ਦੱਸਿਆ ਕਿ ਇਨ੍ਹਾਂ ਸੜਕਾਂ ਤੇ 14 ਕਰੋੜ ਰੁਪਏ ਖਰਚ ਕੀਤੇ ਜਾਣਗੇ। ਉਹਨਾਂ ਹਲਕੇ ਦੇ ਲੋਕਾਂ ਨੂੰ ਸਬੰਧੋਨ ਕਰਦਿਆਂ ਕਿਹਾ ਕਿ ਇਹਨਾਂ ਸੜਕਾਂ ਦੇ ਬਨਣ ਨਾਲ ਲੋਕਾਂ ਨੂੰ ਆਵਾਜਾਈ ਲਈ ਹੋਰ ਬਿਹਤਰ ਸਹੂਲਤ ਮਿਲੇਗੀ ਅਤੇ ਕਿਸੇ ਵੀ ਪ੍ਰਕਾਰ਼ ਦੀ ਕੋਈ ਮੁਸ਼ਕਲ ਪੇਸ਼ ਨਹੀਂ ਆਵੇਗੀ।

---------------------------------------------------------------------

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਅਬੋਹਰ ਤੋਂ ਸਾਬਕਾ ਵਿਧਾਇਕ ਸਾਹੀ ਰਾਮ ਬਿਸ਼ਨੋਈ ਚੌਧਰੀ ਦੇ ਦੇਹਾਂਤ ’ਤੇ ਦੁੱਖ ਦਾ ਇਜ਼ਹਾਰ ਕੀਤਾ ਏ। ਸ੍ਰੀ ਸੰਧਵਾਂ ਨੇ ਕਿਹਾ ਕਿ ਰਾਜਨੀਤੀ ਪ੍ਰਤੀ ਉਨ੍ਹਾਂ ਦਾ ਅਟੁੱਟ ਸਮਰਪਣ ਹਮੇਸ਼ਾ ਸਾਨੂੰ ਪ੍ਰੇਰਿਤ ਕਰੇਗਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਦਾ ਰਾਹਦਸੇਰਾ ਬਣਿਆ ਰਹੇਗਾ। ਸਪੀਕਰ ਸੰਧਵਾਂ ਨੇ ਉਨ੍ਹਾਂ ਦੇ ਦੇਹਾਂਤ ‘ਤੇ ਦੁੱਖ ਪ੍ਰਗਟਾਇਆ ਅਤੇ ਇਸ ਔਖੀ ਘੜੀ ਵਿੱਚ ਓਹਨਾਂ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ.

---------------------------------------------------------------------

ਭਾਰਤੀ ਤਕਨਾਲੋਜੀ ਸੰਸਥਾ ਰੋਪੜ (IIT ਰੋਪੜ), ਜੋ ਕਿ ਯੁਵਾ ਸੰਗਮ ਪਹਿਲਕਦਮੀ ਅਧੀਨ ਪੰਜਾਬ ਦੀ ਨੋਡਲ ਸੰਸਥਾ ਏ, ਨੇ ਅੱਜ ਯੁਵਾ ਸੰਗਮ ਪੜਾਅ VI ਤਹਿਤ ਪੰਜਾਬ ਵਫ਼ਦ ਨੂੰ ਬਿਹਾਰ ਲਈ ਰਵਾਨਾ

ਕੀਤਾ। ਇਹ ਸਿੱਖਿਆ ਮੰਤਰਾਲੇ ਦੀ ਏਕ ਭਾਰਤ ਸ਼੍ਰੇਸ਼ਠ ਭਾਰਤ (EBSB) ਮੁਹਿੰਮ ਦਾ ਪ੍ਰਮੁੱਖ ਪ੍ਰੋਗਰਾਮ ਏ. ਇਸ ਮੌਕੇ ਹੋਏ ਸਮਾਰੋਹ ਵਿੱਚ IIT ਰੋਪੜ ਦੇ ਡਾਇਰੈਕਟਰ ਪ੍ਰੋਫੈਸਰ ਰਾਜੀਵ ਅਹੂਜਾ, ਤੇ ਰੂਪਨਗਰ ਦੇ ਡਿਪਟੀ ਕਮਿਸ਼ਨਰ ਸ਼੍ਰੀ ਆਦਿੱਤਿਆ ਦਾਚਲਵਾਲ, ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ । ਸਮਾਰੋਹ ਵਿੱਚ IIT ਰੋਪੜ ਦੇ ਯੁਵਾ ਸੰਗਮ ਨੋਡਲ ਅਫ਼ਸਰ ਅਤੇ ਐਸੋਸੀਏਟ ਪ੍ਰੋਫੈਸਰ ਡਾ. ਸੋਮਦੇਵ ਕਰ ਅਤੇ ਸੰਸਥਾ ਦੇ ਹੋਰ ਮੈਂਬਰ ਵੀ ਹਾਜ਼ਰ ਸਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਦ੍ਰਿਸ਼ਟੀਕੋਣ ਮੁਤਾਬਿਕ ਦੇਸ਼ ਦੇ ਵਖ – ਵਖ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚਕਾਰ ਏਕਤਾ ਦੇ ਬੰਧਨ ਨੂੰ ਮਜ਼ਬੂਤ ਕਰਨ ਲਈ ਤਿਆਰ ਕੀਤਾ ਗਿਆ, ਯੁਵਾ ਸੰਗਮ, ਪੰਜ ਤੋਂ ਸੱਤ ਦਿਨਾਂ ਦੀ ਅਨੁਭਵ ਅਧਾਰਿਤ ਯਾਤਰਾ ਰਾਹੀਂ ਵੱਖ-ਵੱਖ ਖੇਤਰਾਂ ਦੇ ਨੌਜਵਾਨਾਂ ਨੂੰ ਇੱਕ ਥਾਂ ਲਿਆਉਂਦਾ ਏ. ਪੜਾਅ 6 ਵਿੱਚ ਪੰਜਾਬ ਨੂੰ ਬਿਹਾਰ ਨਾਲ ਜੋੜਿਆ ਗਿਆ ਏ, ਜਿਸ ਵਿੱਚ IIT ਰੋਪੜ ਪੰਜਾਬ ਲਈ ਪ੍ਰੋਗਰਾਮ ਦਾ ਤਾਲਮੇਲ ਕਰ ਰਿਹਾ ਏ ਅਤੇ IIT ਪਟਨਾ ਮੇਜ਼ਬਾਨ ਸੰਸਥਾ ਏ । ਪ੍ਰੋਗਰਾਮ ਸੈਰ-ਸਪਾਟੇ ਅਤੇ ਆਪਸੀ ਸੰਬੰਧਾਂ ਜਿਹੇ ਪੰਜ ਵਿਸ਼ਿਆਂ 'ਤੇ ਆਧਾਰਿਤ ਏ. ਬਿਹਾਰ ਦੀ ਯਾਤਰਾ ਦੌਰਾਨ ਪੰਜਾਬ ਦੇ ਪ੍ਰਤੀਨਿਧੀ ਇੱਕ ਭਰਪੂਰ ਸੱਭਿਆਚਾਰਕ ਅਤੇ ਵਿੱਦਿਅਕ ਯਾਤਰਾ ਕਰਨਗੇ. ਉਹ ਰਾਜ ਦੀ ਇਤਿਹਾਸਿਕ ਰਾਜਧਾਨੀ ਪਟਨਾ ਵਿੱਚ ਗੋਲਘਰ, ਪਟਨਾ ਮਿਊਜ਼ੀਅਮ, ਬੁੱਧ ਸਮ੍ਰਿਤੀ ਪਾਰਕ ਅਤੇ ਕੁਮਰਾਰ ਵਰਗੇ ਇਤਿਹਾਸਿਕ ਸਥਾਨਾਂ ਦਾ ਦੌਰਾ ਕਰਨਗੇ। ਇਸ ਤੋਂ ਬਾਅਦ ਵਫ਼ਦ

ਨਾਲੰਦਾ ਜਾਵੇਗਾ, ਜਿੱਥੇ ਦੁਨੀਆ ਦੀਆਂ ਸਭ ਤੋਂ ਪੁਰਾਣੀਆਂ ਅੰਤਰਰਾਸ਼ਟਰੀ ਯੂਨੀਵਰਸਿਟੀਆਂ ਵਿੱਚੋਂ ਇੱਕ ਦੇ ਅਵਸ਼ੇਸ਼ ਨੇ. ਹੋਰਨਾਂ ਥਾਵਾਂ ਦੇ ਦੌਰੇ ਤੋਂ ਬਾਅਦ ਯਾਤਰਾ ਦੀ ਸਮਾਪਤੀ ਯੂਨੈਸਕੋ ਵਿਸ਼ਵ ਵਿਰਾਸਤੀ ਸਥਾਨ ਬੋਧਗਯਾ ਵਿਖੇ ਹੋਏਗੀ. ਵਿਦਿਆਰਥੀ IIT ਪਟਨਾ ਦੇ ਅਕਾਦਮਿਕ ਭਾਈਚਾਰੇ ਨਾਲ ਵੀ ਸੰਵਾਦ ਕਰਨਗੇ, ਜਿੱਥੇ ਉਹ ਆਪਣੇ ਸਾਥੀਆਂ, ਨਵੀਨਤਾਕਾਰਾਂ ਅਤੇ ਖੋਜਕਰਤਾਵਾਂ ਨਾਲ ਮਿਲਣਗੇ। ਪੰਜਾਬ ਵਫ਼ਦ ਵਿੱਚ ਉੱਚ ਵਿੱਦਿਅਕ ਸੰਸਥਾਵਾਂ ਦੇ ਵਿਦਿਆਰਥੀ, ਰਾਸ਼ਟਰੀ ਸੇਵਾ ਯੋਜਨਾ (NSS) ਦੇ ਵਲੰਟੀਅਰ, ਨਹਿਰੂ ਯੁਵਾ ਕੇਂਦਰ ਸੰਗਠਨ (NYKS) ਦੇ ਮੈਂਬਰ ਅਤੇ 18 ਤੋਂ 30 ਸਾਲ ਦੀ ਉਮਰ ਦੇ ਨੌਜਵਾਨ ਪੇਸ਼ੇਵਰ ਸ਼ਾਮਲ ਨੇ.

---------------------------------------------------------------------------------

ਕੇਂਦਰੀ ਸਿਹਤ ਮੰਤਰਾਲੇ ਨੇ ਪ੍ਰੀਗਾਬਾਲਿਨ ਦਵਾਈ ਨੂੰ ਦਵਾਈਆਂ ਬਾਰੇ ਨੇਮਾਂ ਦੇ ਸ਼ਡਿਊਲ H1 ਵਿੱਚ ਨੂੰ ਸ਼ਾਮਲ ਕਰਨ ਲਈ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਏ। ਇਹ ਨੇਮਾਂ ਨੂੰ ਮਜ਼ਬੂਤ ਕਰੇਗਾ ਅਤੇ ਨੌਜਵਾਨਾਂ ਵਿੱਚ ਇਸਦੀ ਦੁਰਵਰਤੋਂ ਨੂੰ ਰੋਕੇਗਾ। ਇਹ ਫੈਸਲਾ ਕੁਝ ਰਾਜਾਂ ਵਿੱਚ ਪ੍ਰੀਗਾਬਾਲਿਨ ਦੀ ਦੁਰਵਰਤੋਂ ਦੇ ਮੱਦੇਨਜ਼ਰ ਲਿਆ ਗਿਆ ਏ। ਇਹ ਦਵਾਈ ਪੁਰਾਣੀ ਦਰਦ, ਨਸਾਂ ਸੰਬੰਧੀ ਵਿਕਾਰ ਅਤੇ ਹੋਰ ਸੰਬੰਧਿਤ ਪਰੇਸ਼ਾਨੀਆਂ ਦੇ ਇਲਾਜ ਲਈ ਏ ਪਰ ਇਸਦੀ ਵਰਤੋਂ ਅਣਉਚਿਤ ਅਤੇ ਆਦਤ ਬਣਾਉਣ ਵਾਲੇ ਤਰੀਕਿਆਂ ਨਾਲ ਕੀਤੀ ਜਾ ਰਹੀ ਏ। ਮੰਤਰਾਲੇ ਮੁਤਾਬਿਕ, ਦੇਸ਼ ਦੇ ਕੁਝ ਹਿੱਸਿਆਂ ਵਿੱਚ ਪ੍ਰੀਗਾਬਾਲਿਨ ਦਾ ਗੈਰ-ਕਾਨੂੰਨੀ

ਤੌਰ 'ਤੇ ਭੰਡਾਰ ਕੀਤਾ ਗਿਆ ਅਤੇ ਅਣ – ਅਧਿਕ੍ਰਿਤ ਵਿਕਰੀ ਦੀਆਂ ਖੇਪਾਂ ਜ਼ਬਤ ਕੀਤੀਆਂ ਗਈਆਂ ਨੇ. ਸੋਧੇ ਹੋਏ ਵਰਗੀਕਰਨ ਮੁਤਾਬਿਕ, ਪ੍ਰੀਗਾਬਾਲਿਨ ਨੂੰ ਸਿਰਫ ਇੱਕ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਵਲੋਂ ਜਾਰੀ ਕੀਤੀ ਗਈ ਇੱਕ ਵੈਧ ਪਰਚੀ ਦੇ ਆਧਾਰ 'ਤੇ ਵੇਚਿਆ ਜਾ ਸਕਦਾ ਏ ।

---

IPL ਕ੍ਰਿਕੇਟ ਵਿੱਚ ਅੱਜ, ਸਨਰਾਈਜ਼ਰਜ਼ ਹੈਦਰਾਬਾਦ ਦਾ ਹੈਦਰਾਬਾਦ ਵਿੱਚ ਰਾਇਲ ਚੈਲੇਂਜਰਜ਼ ਬੰਗਲੁਰੂ ਨਾਲ ਮੁਕਾਬਲਾ ਹੋਏਗਾ. ਇਹ ਮੈਚ ਸ਼ਾਮ ਸਾਢੇ 7 ਵਜੇ ਖੇਡਿਆ ਜਾਏਗਾ.

---

- ਪੰਜਾਬ ਪੁਲਿਸ ਨੇ ਇੱਕ ਵੱਡੀ ਕਾਮਯਾਬੀ ਹਾਸਿਲ ਕਰਦਿਆਂ ਦੇਸ਼ ਭਰ ਦੇ ਸਕੂਲਾਂ ਅਤੇ ਹੋਰ ਸੰਵੇਦਨਸ਼ੀਲ ਸਥਾਨਾਂ 'ਤੇ ਬੰਬ ਦੇ ਝੂਠੇ ਈਮੇਲ ਭੇਜਣ ਵਿੱਚ ਸ਼ਾਮਲ ਨੈੱਟਵਰਕ ਦਾ ਪਰਦਾਫਾਸ਼ ਕੀਤਾ.
- CBSE ਨੇ 12ਵੀਂ ਜਮਾਤ ਦੀਆਂ ਬੋਰਡ ਪ੍ਰੀਖਿਆ ਦੀਆਂ ਉੱਤਰ ਪੁਸਤੀਕਾਵਾਂ ਦੀਆਂ ਸਕੈਨ ਕੀਤੀਆਂ ਕਾਪੀਆਂ ਪ੍ਰਾਪਤ ਕਰਨ ਦੀ ਆਖਰੀ ਤਰੀਕ ਇੱਕ ਦਿਨ ਵਧਾ ਕੇ 24 ਮਈ ਕੀਤੀ ।
- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ, ਏਸ਼ਿਆਈ ਹਾਕੀ ਚੈਂਪੀਅਨਜ਼ ਟਰਾਫੀ ਸੰਬੰਧੀ ਮੀਟਿੰਗ ‘ਚ ਟੂਰਨਾਮੈਂਟ ਲਈ ਹਰ ਸੰਭਵ ਸਹੂਲਤ ਨੂੰ ਯਕੀਨੀ ਬਣਾਉਣ ਵਾਸਤੇ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ।

- ਪੰਜਾਬ ਦੇ ਮੰਤਰੀ ਗੁਰਮੀਤ ਸਿੰਘ ਖੁੱਡੀਆ ਨੇ ਮਲੋਟ ਸੜ੍ਹਕ ਤੇ ਬਣਨ ਵਾਲੇ ਪੱਕੇ ਖਾਲਿਆਂ ਦਾ ਨੀਂਹ ਪੱਥਰ ਰਖਿਆ.
- IIT ਰੋਪੜ ਵਲੋਂ ਅੱਜ ਯੁਵਾ ਸੰਗਮ ਪੜਾਅ 6 ਤਹਿਤ ਪੰਜਾਬ ਵਫ਼ਦ ਨੂੰ ਬਿਹਾਰ ਲਈ ਰਵਾਨਾ ਕੀਤਾ ਗਿਆ।